# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਡਾਇਟਸ), (ਸਰਕਾਰੀ ਅਤੇ ਪ੍ਰਾਈਵੇਟ)
2. ਸਮੂਹ ਪ੍ਰਿੰਸੀਪਲ, ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰਜ਼ (ਜੀ.ਆਈ.ਐਸ.ਟੀ.ਸੀਜ਼)

ਮੀਮੋ ਨੰ:ਸਸਅ/ਐਮਸੀ/2010/35318-365
ਮਿਤੀ,ਚੰਡੀਗੜ੍ਹ 3-5-2010

**ਵਿਸ਼ਾ:-** **ਪੰਜਾਬ ਦੀਆਂ ਅਧਿਆਪਕ-ਸਿਖਲਾਈ ਸੰਸਥਾਵਾਂ ਵਿੱਚ ਸੁਧਾਰ ਲਿਆਉਣ ਬਾਰੇ।**

1. ਪੰਜਾਬ ਦੇ ਸਕੂਲਾਂ ਵਿੱਚ ਵਿੱਦਿਆ ਦਾ ਪੱਧਰ ਉੱਚਾ ਚੁੱਕਣ ਲਈ ਅਧਿਆਪਕ ਸਿਖਲਾਈ ਸੰਸਥਾਵਾਂ ਦੀ ਮੁੱਖ ਭੂਮਿਕਾ ਹੈ। ਇਨ੍ਹਾਂ ਸੰਸਥਾਵਾਂ ਨੂੰ ਸਕੂਲਾਂ ਲਈ ਇੱਕ ਆਦਰਸ਼ ਵੱਜੋਂ ਕੰਮ ਕਰਨਾ ਹੋਵੇਗਾ। ਇਸ ਉਦੇਸ਼ ਦੀ ਪੂਰਤੀ ਹਿੱਤ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ (ਡਾਇਟਸ) ਅਤੇ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰਜ਼ (ਜੀ.ਆਈ.ਐਸ.ਟੀ.ਸੀਜ਼) ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ।
2. ਉਪਰੋਕਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨੂੰ ਚੈੱਕ ਕਰਨ ਲਈ ਰਾਜ ਪੱਧਰ ’ਤੇ ਨਿਰੀਖਣ ਟੀਮਾਂ ਦਾ ਗਠਨ ਕੀਤਾ ਗਿਆ ਹੈ। ਹਰ ਸੰਸਥਾ ਲਈ ਨਿਰਧਾਰਿਤ ਟੀਮ, ਸੰਸਥਾ ਦਾ ਜਨਵਰੀ/ਫਰਵਰੀ/ਮਾਰਚ ਵਿੱਚ ਇੱਕ ਵੇਰ ਸਾਲਾਨਾ ਨਿਰੀਖਣ ਅਤੇ ਸਾਲ ਵਿੱਚ ਘੱਟੋ-ਘੱਟ ਤਿੰਨ ਵੇਰ ਅਚਨਚੇਤੀ ਨਿਰੀਖਣ ਨਿਰਧਾਰਿਤ ਪ੍ਰਫਾਰਮੇ ਵਿੱਚ ਨਿਰੀਖਣ ਰਿਪੋਰਟਾਂ ਇਸ ਦਫ਼ਤਰ ਨੂੰ ਭੇਜੇਗੀ।

3. ਸਿਖਲਾਈ ਸੰਸਥਾਵਾਂ ਲਈ ਦਿਸ਼ਾ ਨਿਰਦੇਸ਼ ਅਤੇ ਨਿਰਧਾਰਿਤ ਨਿਰੀਖਣ ਪ੍ਰਫਾਰਮਾ ਵਿਭਾਗ ਦੀ ਵੈੱਬ-ਸਾਈਟ **ssapunjab.org** 'ਤੇ ਪਾ ਦਿੱਤੇ ਗਏ ਹਨ ਜੋ ਕਿ ਇਸ ਸਾਈਟ ਤੋਂ ਡਾਊਨਲੋਡ ਕਰ ਲਏ ਜਾਣ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਨਿਰੀਖਣ ਪ੍ਰਫਾਰਮੇ ਅਨੁਸਾਰ ਆਪਣੀ ਸੰਸਥਾ ਦੀ ਤਿਆਰੀ ਕੀਤੀ ਜਾਵੇ।

ਇਹ ਆਸ ਕੀਤੀ ਜਾਂਦੀ ਹੈ ਕਿ ਦਿਸ਼ਾ ਨਿਰਦੇਸ਼ ਅਤੇ ਨਿਰੀਖਣ ਆਪ ਦੀ ਸੰਸਥਾ ਦੇ ਕੰਮ-ਕਾਜ ਵਿੱਚ ਬਿਹਤਰੀ ਲਿਆਉਣ ਲਈ ਕਾਰਗਾਰ ਸਿੱਧ ਹੋਣਗੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

ਪਿਠਅੰਕਣ ਨੰ:ਸਸਅ/ਐਮਸੀ/2010/35368-369 ਮਿਤੀ,ਚੰਡੀਗੜ੍ਹ 03-05-10
ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਸਿੱਖਿਆ ਵਿਭਾਗ ਨੂੰ ਸੂਚਨਾ ਹਿੱਤ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ. ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਸੰਸਥਾਵਾਂ ਨੂੰ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**